ESTD. 1875

# ਮਹਿੰਦਰਾ

2007-08



## Govt. Mohindra College, Patiala

**NAAC Accredited : A+ Grade**

**UGC Status : College with Potential for Excellence**



ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ

## ਜਨਮ ਸ਼ਤਾਬਦੀ

ਵਿਸ਼ੇਸ਼ ਅੰਕ

# ਮਹਿੰਦਰਾ

2007-2008

ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ

Regd. No. 505/59 Vol. 74. No. 1 2008 A.D.

ਸਰਪ੍ਰਸਤ

ਡਾ. ਦਲਜੀਤਇੰਦਰ ਸਿੰਘ ਬਰਾੜ
ਪ੍ਰਿੰਸੀਪਲ

ਸੰਪਾਦਕੀ ਮੰਡਲ

ਪ੍ਰੋ. ਦਰਸ਼ਨ ਸਿੰਘ
ਮੁੱਖ ਸੰਪਾਦਕ

| ਸੈਕਸ਼ਨ | ਸੰਪਾਦਕ | ਵਿਦਿਆਰਥੀ ਸੰਪਾਦਕ |
|---|---|---|
| ਪੰਜਾਬੀ | ਪ੍ਰੋ. ਮਾਨਵਤਾ ਘੁੰਮਣ | ਹਰਪ੍ਰੀਤ ਸਿੰਘ ਕਾਹਲੋਂ, ਬੀ.ਏ. III |
| ਅੰਗ੍ਰੇਜ਼ੀ | ਪ੍ਰੋ. ਸਵਰਾਜ ਰਾਜ | ਅਦਿੱਤੀ ਕਪੂਰ, ਐਮ.ਏ. II |
| ਹਿੰਦੀ | ਪ੍ਰੋ. ਵੀ.ਕੇ. ਵਾਲੀਆ | ਨਿਵੇਦਿਤਾ ਸਿੰਗਲਾ, ਐਮ.ਏ. II |
| ਸੰਸਕ੍ਰਿਤ | ਪ੍ਰੋ. ਐਸ. ਕੇ. ਕੌਸ਼ਿਕ | ਕਵਿਤਾ, ਬੀ.ਏ. III |
| ਸਾਇੰਸ | ਪ੍ਰੋ. ਮੰਜੂ ਅਰੋੜਾ | ਗੁਰਵਿੰਦਰ ਸਿੰਘ, ਬੀ.ਐਸ.ਸੀ. III |
| ਪਲੈਨਿੰਗ ਫੋਰਮ | ਪ੍ਰੋ. ਪੀ. ਕੇ. ਬਾਂਸਲ | ਸਵਾਤੀ ਜੈਨ, ਐਮ.ਏ. II |
| ਨਿਊਜ਼ ਸੈਕਸ਼ਨ | ਪ੍ਰੋ. ਜੋਗਿੰਦਰ ਪਾਲ | ਤਨਦੀਪ ਕੌਰ, ਐਮ.ਏ. II |
| ਸਭਿਆਚਾਰਕ ਅਤੇ ਸਹਿ-ਵਿਦਿਅੱਕ ਸਰਗਰਮੀਆਂ | ਪ੍ਰੋ. ਸ਼ਵਿੰਦਰ ਸਿੰਘ | ਰਮਨਜੋਤ ਕੌਰ ਹੇਅਰ, ਬੀ.ਏ.III |

# ਮਹਿੰਦਰਾ

# ਓ.ਐਸ.ਏ.

## (ਓਲਡ ਸਟੂਡੈਂਟਸ ਐਸੋਸੀਏਸ਼ਨ)



ਚਿੱਤਰਕਾਰ ਸ. ਸੋਭਾ ਸਿੰਘ ਵਲੋਂ ਭਗਤ ਸਿੰਘ ਦੀ ਬਣਾਈ ਹੋਈ ਤਸਵੀਰ


**ਸੰਯੋਜਕ:**

**ਪ੍ਰੋ. ਐਮ.ਐਸ. ਸੱਲ੍ਹ**

ਜਨਰਲ ਸਕੱਤਰ, ਓ.ਐਸ.ਏ.

# MOHINDRA COLLEGE, ALUMNI ASSOCIATION

## &

## MAIDEN FACULTY MEET

## 11-04-2008



ਪ੍ਰੋ. ਐਮ.ਐਸ. ਸੱਲ੍ਹ

ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਉੱਤਰੀ ਭਾਰਤ ਦੀਆਂ ਪੁਰਾਤਨ ਵਿਦਿਅੱਕ ਸੰਸਥਾਵਾਂ ਵਿਚੋਂ ਇੱਕ ਹੈ। ਇਹ ਸੰਸਥਾ ਪਟਿਆਲਾ ਦੇ His Highness Maharaja Mohinder Singh ਨੇ 1875 ਵਿੱਚ ਕਾਇਮ ਕੀਤੀ। ਇਸ ਦਾ ਨੀਂਹ ਪੱਥਰ His Excellency Lord Northbrook, the then Viceroy of India ਨੇ 30 ਮਾਰਚ, 1875 ਨੂੰ ਰੱਖਿਆ ਅਤੇ ਇਸ ਨਵੀਂ ਬਣੀ ਬਿਲਡਿੰਗ ਦਾ ਉਦਘਾਟਨ 17 ਮਾਰਚ 1884 ਨੂੰ Lord Ripon the then vicerroy of Indian ਨੇ ਕੀਤਾ। ਸ਼ੁਰੂ ਵਿੱਚ ਇਹ ਕਾਲਜ ਕਲਕੱਤਾ ਯੂਨੀਵਰਸਿਟੀ ਨਾਲ ਮਾਨਤਾ ਪ੍ਰਾਪਤ ਸੀ। ਬਾਅਦ ਵਿੱਚ ਪੰਜਾਬ ਯੂਨੀਵਰਸਿਟੀ, ਲਾਹੌਰ ਅਤੇ ਆਜ਼ਾਦੀ ਤੋਂ ਬਾਅਦ ਪੰਜਾਬ ਯੂਨੀਵਰਸਿਟੀ, ਸ਼ਿਮਲਾ ਨਾਲ Affiliate ਕੀਤਾ ਗਿਆ ਅਤੇ 1962 ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ Affiliate ਹੋ ਗਿਆ। ਅੱਜ ਕੱਲ੍ਹ ਇਹ ਕਾਲਜ ਉੱਤਰੀ ਭਾਰਤ ਦੇ ਪ੍ਰਸਿੱਧ ਕਾਲਜਾਂ ਵਿਚੋਂ ਮੰਨਿਆ ਜਾਂਦਾ ਹੈ। NAAC ਟੀਮ ਨੇ ਅਪ੍ਰੈਲ, 2003 ਵਿੱਚ ਇਸ ਨੂੰ 'ਏ'+ ਗਰੇਡ ਦਿੱਤਾ ਅਤੇ ਯੂ.ਜੀ.ਸੀ. ਨੇ ਇਸ ਨੂੰ 'Colllege with Potential for Excellence' ਚੁਣਿਆ ਹੈ। ਇਸ ਕਾਲਜ ਵਿੱਚ 7 ਵਿਸ਼ਿਆਂ ਵਿੱਚ ਪੀ.ਜੀ.ਕਲਾਸਾਂ ਤੋਂ ਬਿਨਾਂ ਬੀ.ਏ., ਬੀ.ਐਸ.ਸੀ., ਬੀ.ਸੀ.ਏ., ਬੀ.ਬੀ.ਏ., ਪੀ.ਜੀ.ਡੀ.ਸੀ.ਏ. ਅਤੇ ਹੋਰ ਕਈ ਸਰਟੀਫਿਕੇਟ ਅਤੇ ਡਿਪਲੋਮਾ ਕੋਰਸਾਂ ਦੀ ਪੜ੍ਹਾਈ ਦਾ ਪ੍ਰਬੰਧ ਹੈ। ਇਸ ਸੰਸਥਾ ਵਿੱਚ 3500 ਤੋਂ ਵੱਧ ਵਿਦਿਆਰਥੀ ਸਿੱਖਿਆ ਪ੍ਰਾਪਤ ਕਰਦੇ ਹਨ ਅਤੇ 120 ਤੋਂ ਵੱਧ ਅਧਿਆਪਕ ਪੜ੍ਹਾਉਂਦੇ ਹਨ। ਪੜ੍ਹਾਈ ਤੋਂ ਬਿਨ੍ਹਾਂ ਇਸ ਕਾਲਜ ਨੇ ਖੇਡਾਂ, ਸਭਿਆਚਾਰ ਅਤੇ ਹੋਰ ਖੇਤਰਾਂ ਵਿੱਚ ਵੀ ਨਾਮਣਾ ਖੱਟਿਆ ਹੈ।

ਇਸ ਸੰਸਥਾ ਦੀ ਮਹਤੱਤਾ ਨੂੰ ਮੁੱਖ ਰੱਖਦੇ ਹੋਏ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਨੇ 1985 ਵਿੱਚ "ਓਲਡ ਸਟੂਡੈਂਟਸ ਐਸੋਸੀਏਸ਼ਨ" ਸੰਗਠਤ ਕੀਤੀ। ਇਸ ਸੰਸਥਾ ਦਾ ਮੰਤਵ ਪੁਰਾਣੇ ਵਿਦਿਆਰਥੀਆਂ ਨੂੰ ਕਾਲਜ ਨਾਲ ਜੋੜਨਾ, ਵੱਖਰੇ-ਵੱਖਰੇ ਕਿੱਤਿਆਂ ਵਿੱਚ ਨਾਮ ਖੱਟਣ ਵਾਲੇ ਵਿਦਿਆਰਥੀਆਂ ਦਾ ਮਾਣ-ਸਤਿਕਾਰ ਕਰਨਾ, ਕਾਲਜ ਦੇ ਵਿਕਾਸ ਲਈ ਦਾਨੀ ਪੁਰਸ਼ਾਂ ਨੂੰ ਪ੍ਰੇਰਨਾ, ਵਿਦਿਆਰਥੀਆਂ ਦੀ ਭਲਾਈ, ਮਦਦ ਅਤੇ ਹੌਂਸਲਾ ਅਫਜਾਈ ਲਈ ਪੁਰਾਣੇ ਵਿਦਿਆਰਥੀਆਂ ਅਤੇ ਅਧਿਆਪਕਾਂ ਰਾਹੀਂ Medals, Scholarships/ Stipends/ Awards ਆਦਿ ਸ਼ੁਰੂ ਕਰਾਉਣੇ ਹਨ। ਪੁਰਾਣੇ ਵਿਦਿਆਰਥੀਆਂ ਅਤੇ ਪੜ੍ਹ ਰਹੇ ਵਿਦਿਆਰਥੀਆਂ ਦਾ Interaction ਕਰਾਉਣਾ, ਪੁਰਾਣੇ ਅਧਿਆਪਕਾਂ ਨੂੰ ਵੀ ਕਾਲਜ ਨਾਲ ਜੋੜੀ ਰੱਖਣਾ ਅਤੇ ਉਨ੍ਹਾਂ ਦਾ Serving Faculty ਨਾਲ ਮੇਲ-ਮਿਲਾਪ ਵਧਾਉਣਾ ਹੈ। ਸੰਖੇਪ ਵਿੱਚ OSA ਦੀ ਕੋਸ਼ਿਸ਼ ਹੈ ਕਿ ਇਹ ਸੰਸਥਾ ਫੈਕਲਟੀ ਅਤੇ ਵਿਦਿਆਰਥੀਆਂ ਦੇ ਵੱਧ ਤੋਂ ਵੱਧ ਕੰਮ ਆਵੇ ਅਤੇ ਕਾਲਜ ਦੇ ਵਿਕਾਸ ਲਈ ਵੀ ਯਤਨਸ਼ੀਲ ਰਹੇ।

OSA ਨੇ 1985 ਤੋਂ ਲੈ ਕੇ ਅੱਜ ਤੱਕ ਆਪਣੇ ਮੰਤਵ ਨੂੰ ਪ੍ਰਾਪਤ ਕਰਨ ਲਈ ਸਮੇਂ ਸਮੇਂ ਵੱਖਰੇ-ਵੱਖਰੇ ਸਮਾਗਮਾਂ ਦਾ ਪ੍ਰਬੰਧ ਕੀਤਾ ਹੈ। 1987, 1988 ਅਤੇ 1995 ਵਿੱਚ ਤਿੰਨ ਵੱਡੇ ਸਮਾਗਮ ਕਰਵਾਏ। 1988 ਵਿੱਚ ਕੇਂਦਰ ਸਰਕਾਰ ਤੋਂ ਕਾਲਜ ਦੀ ਇੱਕ ਯਾਦਗਾਰੀ Postal Stamp Release ਕਰਵਾਈ ਅਤੇ 1995 ਵਿੱਚ 600 ਤੋਂ ਵੱਧ ਮੈਂਬਰਾਂ ਦੀ Directory ਵੀ ਰਿਲੀਜ਼ ਕਰਵਾਈ। ਇਸ ਤੋਂ ਬਿਨਾਂ ਕਵੀ ਦਰਬਾਰ, ਸ਼ਾਮ-ਏ-ਗਜ਼ਲ, ਜਸ਼ਨ-ਏ-ਮਹਿੰਦਰਾ ਅਤੇ ਸੰਗੀਤ ਨਾਲ ਸੰਬੰਧਤ ਹੋਰ ਸਭਿਆਚਾਰਕ ਸਮਾਗਮ ਵੀ ਕਰਵਾਏ। Youth, Teachers ਅਤੇ ਹੋਰ ਮਸਲਿਆਂ ਤੇ Seminar, Symposiums, Talks, Essay Writings Competitions, Face to Face talks ਆਦਿ ਆਯੋਜਿਤ ਕੀਤੇ ਗਏ। ਪੰਜਾਬੀ ਦੀ ਐਮ.ਏ. ਦੀ ਪੜ੍ਹਾਈ ਸ਼ੁਰੂ ਹੋਣ ਸੰਬੰਧੀ ਗੋਲਡਨ ਜੁਬਲੀ ਮਨਾਈ ਗਈ। ਇਸ ਤੋਂ ਬਿਨਾਂ ਪੁਰਾਣੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਉਤਸਾਹਤ ਕਰਕੇ ਪੜ੍ਹ ਰਹੇ ਵਿਦਿਆਰਥੀਆਂ ਦੇ ਲਈ ਡੇਢ ਲੱਖ ਤੋਂ ਵੱਧ ਸਲਾਨਾ ਦੇ Stipends, Scholarships, Medals ਆਦਿ ਸ਼ੁਰੂ ਕਰਵਾਏ ਗਏ ਅਤੇ ਇਹ Process ਹੁਣ ਤੱਕ ਲਗਾਤਾਰ ਜਾਰੀ ਹੈ। ਇਸ ਵਿੱਚ ਯੋਗਦਾਨ ਪਾਉਣ ਵਾਲੇ ਮੁੱਖ ਦਾਨੀ ਪੁਰਾਣੇ ਵਿਦਿਆਰਥੀ/ਅਧਿਆਪਕ ਸ੍ਰੀ ਅਮਰਜੀਤ ਸਿੰਘ ਮਰਵਾਹਾ, ਐਨ.ਆਰ.ਆਈ., ਸ੍ਰੀ ਹਰੀ ਕ੍ਰਿਸ਼ਨ ਆਹਲੂਵਾਲੀਆ ਅਤੇ ਪ੍ਰੋਫੈਸਰ ਬੀ.ਕੇ. ਕਪੂਰ ਦੇ ਨਾਂ ਵਰਨਣ ਯੋਗ ਹਨ। ਕਾਲਜ ਦੇ ਪੁਰਾਣੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸੰਸਥਾ ਨਾਲ ਜੋੜੀ ਰੱਖਣ ਲਈ ਸੇਵਾ ਕਰ ਰਹੇ ਅਧਿਆਪਕਾਂ ਅਤੇ ਪੜ੍ਹ ਰਹੇ ਵਿਦਿਆਰਥੀਆਂ ਦੇ ਨਾਲ ਨੇੜੇ ਦੇ ਸੰਬੰਧ ਬਣਾਉਣ ਲਈ ਇਸ ਸਾਲ ਤੋਂ College Magazine ਅਤੇ Library ਵਿੱਚ Alumini Section ਸ਼ੁਰੂ ਕੀਤੇ ਗਏ ਹਨ। ਜਿਨ੍ਹਾਂ ਵਿੱਚ ਉਹ ਆਪਣੀਆਂ ਲਿਖਤਾਂ ਅਤੇ ਕਿਤਾਬਾਂ ਦੇ ਕੇ ਪੜ੍ਹ ਰਹੇ ਵਿਦਿਆਰਥੀਆਂ ਅਤੇ ਪੜ੍ਹਾ ਰਹੇ ਅਧਿਆਪਕਾਂ ਨਾਲ ਆਪਣੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰ ਸਕਣਗੇ।

OSA ਆਪਣੇ ਭਵਿੱਖ ਦੇ ਪ੍ਰੋਗਰਾਮਾਂ ਵਿੱਚ ਕਾਲਜ ਸੰਬੰਧੀ ਇੱਕ ਕਿਤਾਬ ਲਿਖਵਾਉਣਾ, ਸ਼ਤਾਬਦੀ ਗੇਟ ਦੀ ਉਸਾਰੀ ਕਰਵਾਉਣਾ, ਉੱਘੇ ਪੁਰਾਣੇ ਵਿਦਿਆਰਥੀਆਂ ਦੀ ਫੋਟੋ ਗੈਲਰੀ ਤਿਆਰ ਕਰਵਾਉਣੀ, ਮਹਿੰਦਰਾ Day ਅਤੇ ਮਹਿੰਦਰਾ ਮੇਲੇ ਦਾ ਪ੍ਰਬੰਧ ਕਰਨਾ ਇੱਕ ਹਜ਼ਾਰ Life Members/Life Patrons ਦੀ Directory ਰਿਲੀਜ਼ ਕਰਵਾਉਣੀ। ਇਸ ਸੰਸਥਾ ਨੂੰ Heritage Status ਦਿਵਾਉਣ ਲਈ ਕੋਸ਼ਿਸ਼ ਕਰਨਾ ਅਤੇ ਹਰ ਅਜਿਹੇ ਕਦਮ ਉਠਾਣੇ ਜਿਸ ਨਾਲ ਵਿਦਿਆਰਥੀਆਂ/ਅਧਿਆਪਕਾਂ ਦੀ ਵੱਧ ਤੋਂ ਵੱਧ ਭਲਾਈ ਹੋ ਸਕੇ ਅਤੇ ਕਾਲਜ ਦਾ ਵਿਕਾਸ ਹੋਵੇ ਤਾਂ ਕਿ ਇਹ ਕਾਲਜ 21ਵੀਂ ਸਦੀ ਦੇ ਸਮਾਜ ਦੀਆਂ ਲੋੜਾਂ ਨੂੰ ਪੂਰਾ ਕਰ ਸਕੇ।

OSA ਵਲੋਂ 11-4-2008 ਨੂੰ ਕਾਲਜ ਦੀ ਸੇਵਾ ਕਰ ਰਹੀ Faculty ਦੇ ਨਾਲ ਮਿਲ ਕੇ Madian Faculty Meet ਦਾ ਸਮਾਗਮ ਰਚਿਆ ਗਿਆ। ਉੱਤਰੀ ਭਾਰਤ ਦੀ ਇਸ 133 ਸਾਲ ਪੁਰਾਣੀ ਵਿਦਿਅੱਕ ਸੰਸਥਾ ਨੇ ਇਸ ਖਿੱਤੇ ਵਿੱਚ ਆਪਣਾ ਬਹੁਮੁੱਲਾ ਯੋਗਦਾਨ ਪਾਇਆ ਹੈ। ਜਿਸ ਤਰ੍ਹਾਂ ਇਸ ਸੰਸਥਾ ਤੋਂ ਪੜ੍ਹ ਕੇ ਗਏ ਹਜ਼ਾਰਾਂ ਵਿਦਿਆਰਥੀਆਂ ਨੇ ਦੇਸ਼-ਵਿਦੇਸ਼ ਵਿੱਚ ਵੱਖਰੇ-ਵੱਖਰੇ ਖੇਤਰਾਂ ਵਿੱਚ ਆਪਣੀ ਵਿਸ਼ੇਸ਼ ਜਾਣ-ਪਹਿਚਾਣ ਬਣਾਈ ਹੈ ਅਤੇ ਨਿੱਗਰ ਯੋਗਦਾਨ ਪਾਇਆ ਹੈ। ਇਸ ਸਾਰੇ ਦਾ ਸਿਹਰਾ ਇਸ ਸੰਸਥਾ ਦੇ ਮੇਹਨਤੀ ਪ੍ਰਆਧਿਆਪਕਾਂ ਦੇ ਸਿਰ ਹੈ। ਇਥੋਂ ਦੇ ਪ੍ਰਆਧਿਪਕ ਸਮੇਂ-ਸਮੇਂ ਉੱਚੇ ਅਹੁਦਿਆਂ ਤੇ ਵੀ ਪਹੁੰਚੇ ਜਿਵੇਂ ਕਿ ਵਾਈਸ ਚਾਂਸਲਰ, ਪ੍ਰੋ. ਵੀ.ਸੀ., ਡੀ.ਪੀ.ਆਈਜ਼, ਚੇਅਰਮੈਨ, ਰਜਿਸਟਰਾਰ, ਡੀਨਜ਼, ਕੰਟਰੋਲਰ ਪ੍ਰੀਖਿਆਵਾਂ ਆਦਿ। ਇਸ ਕਾਲਜ ਦੀ Faculty ਵਿੱਚ ਸ਼ੁਰੂ ਤੋਂ ਲੈ ਕੇ ਅੱਜ ਤੱਕ 400 ਤੋਂ ਵੱਧ ਪ੍ਰਅਧਿਆਪਕਾਂ ਨੇ ਸੇਵਾ ਕੀਤੀ ਹੈ। ਇਨ੍ਹਾਂ ਵਿਚੋਂ 100 ਤੋਂ ਵੱਧ ਪ੍ਰਅਧਿਆਪਕ ਸੇਵਾ ਨਿਭਾ ਕੇ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। 75 ਤੋਂ ਵੱਧ ਪ੍ਰਅਧਿਆਪਕ ਪ੍ਰਿੰਸੀਪਲ ਵਜੋਂ ਪਦਉਨਤ ਹੋ ਕੇ ਦੂਜੇ ਕਾਲਜਾਂ ਵਿੱਚ ਗਏ ਹਨ। 60 ਤੋਂ ਵੱਧ ਪ੍ਰਅਧਿਆਪਕ ਕਾਲਜ ਵਿੱਚੋਂ ਸੇਵਾ ਮੁਕਤ ਹੋਏ, 25 ਤੋਂ ਵੱਧ ਪੰਜਾਬ ਦੀਆਂ ਵੱਖਰੀਆਂ-ਵੱਖਰੀਆਂ ਯੂਨੀਵਰਸਿਟੀਆਂ ਵਿੱਚ ਗਏ ਅਤੇ ਤਕਰੀਬਨ ਇੱਕ ਦਰਜਨ ਤੋਂ ਵੱਧ ਉੱਚ ਸੇਵਾਵਾਂ (ਆਈ.ਏ.ਐਸ., ਆਈ.ਪੀ.ਐਸ., ਆਈ.ਆਰ.ਐਸ., ਪੀ.ਸੀ.ਐਸ. ਆਦਿ) ਵਿੱਚ ਚਲੇ ਗਏ ਅਤੇ 120 ਤੋਂ ਵੱਧ ਪ੍ਰਅਧਿਆਪਕ ਜੋ ਕਿ ਉੱਚ ਯੋਗਤਾ ਰੱਖਦੇ ਹਨ (32 ਪੀ.ਐਚ.ਡੀ. ਅਤੇ 52 ਐਮ.ਫਿਲ) ਇਸ ਸਮੇਂ 3500 ਤੋਂ ਵੱਧ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਸੇਵਾ ਵਿੱਚ ਲੱਗੇ ਹੋਏ ਹਨ।

11-4-2008 ਨੂੰ ਕਾਲਜ ਦੇ ਸਭਾ ਭਵਨ ਵਿੱਚ ਆਯੋਜਿਤ ਕੀਤੀ ਗਈ Maiden Faculty Meet ਦੀ ਪ੍ਰਧਾਨਗੀ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇ ਕੀਤੀ। ਕਾਲਜ ਦੇ ਸਭ ਤੋਂ ਪੁਰਾਣੇ 95ਵੇਂ ਸਾਲਾ ਵਿਦਿਆਰਥੀ ਪ੍ਰਿੰਸੀਪਲ ਬੀ.ਕੇ.ਕਪੂਰ ਅਤੇ ਕਾਲਜ ਦੇ ਸਭ ਤੋਂ ਪੁਰਾਣੇ (1945 ਬੈਚ ਦੇ) ਪ੍ਰਅਧਿਆਪਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਡਾ. ਭਗਤ ਸਿੰਘ ਨੇ ਸਨਮਾਨਿਤ ਮਹਿਮਾਨਾਂ ਵਜੋਂ ਭਾਗ ਲਿਆ। ਇਸ ਤੋਂ ਬਿਨਾਂ ਕਾਲਜ ਤੋਂ ਰਿਟਾਇਰ ਹੋ ਚੁੱਕੇ ਅਤੇ ਸੇਵਾ ਨਿਭਾ ਰਹੇ ਬਹੁ-ਗਿਣਤੀ ਵਿੱਚ ਪ੍ਰਅਧਿਆਪਕਾਂ ਨੇ ਇਸ ਸਮਾਗਮ ਵਿੱਚ ਵੱਧ-ਚੜ੍ਹ ਕੇ ਭਾਗ ਲਿਆ। ਡਾ. ਡੀ.ਆਈ.ਐਸ. ਬਰਾੜ, ਕਾਲਜ ਦੇ ਪ੍ਰਿੰਸੀਪਲ ਅਤੇ ਸ੍ਰੀ ਜੇ.ਰਾਏ. ਮੰਗਲਾ ਓ.ਐਸ.ਏ. ਦੇ ਪ੍ਰਧਾਨ ਨੇ ਮੁੱਖ ਮਹਿਮਾਨ ਅਤੇ ਸਮਾਗਮ ਵਿੱਚ ਹਾਜ਼ਰ ਪ੍ਰਅਧਿਆਪਕਾਂ ਅਤੇ ਹੋਰ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਇਸ ਸਮਾਗਮ ਵਿੱਚ ਪ੍ਰੋਫੈਸਰ ਐਮ.ਐਸ.ਸੱਲ (ਜਨਰਲ ਸੈਕਟਰੀ) ਨੇ Alumini Association ਦੇ ਪ੍ਰੋਗਰਾਮ ਅਤੇ ਪ੍ਰੋਜੈਕਟਸ ਬਾਰੇ ਇੱਥ ਸੰਖੇਪ ਰਿਪੋਰਟ ਪੇਸ਼ ਕੀਤੀ। ਇਸ ਸਮਾਗਮ ਵਿੱਚ The Role of Retired Teachers in the Contemporary Socio-Educational Scenario ਵਿਸ਼ੇ ਤੇ Symposium ਕਰਵਾਇਆ ਗਿਆ ਜਿਸ ਦੀ ਸ਼ੁਰੂਆਤ ਪ੍ਰੋਫੈਸਰ ਐਸ.ਸੀ.ਸ਼ਰਮਾ (ਸਕੱਤਰ ਓ.ਐਸ.ਏ.) ਨੇ 'Life beigns at 60' ਦੇ ਨਾਲ ਕੀਤੀ। ਇਸ Symposium ਵਿੱਚ ਪ੍ਰਿੰਸੀਪਲ ਬੀ.ਕੇ.ਕਪੂਰ, ਪ੍ਰਿੰਸੀਪਲ ਸੀ.ਐਸ.ਵਿਰਕ, ਪ੍ਰੋਫੈਸਰ ਟੀ.ਐਨ. ਸਿੰਗਲ (ਸਾਬਕਾ ਡੀ.ਪੀ.ਆਈ) ਪ੍ਰੋਫੈਸਰ ਮਨਜੀਤ ਇੰਦਰਾ, ਪ੍ਰੋਫੈਸਰ ਮੰਜੂ ਅਰੋੜਾ, ਪ੍ਰੋਫੈਸਰ ਐਸ. ਕੇ. ਬਾਤਿਸ਼, ਪ੍ਰੋਫੈਸਰ ਕੱਕੜ ਆਦਿ ਨੇ ਭਾਗ ਲਿਆ।

ਇਸ ਸਮਾਗਮ ਦਾ ਇੱਕ ਖੂਬਸੂਰਤ ਪਹਿਲੂ ਇਹ ਵੀ ਸੀ ਕਿ 80 ਸਾਲ ਤੋਂ ਵੱਧ ਉਮਰ ਦੇ ਇਸ ਕਾਲਜ ਵਿੱਚ ਸੇਵਾ ਨਿਭਾ ਚੁੱਕੇ 21 ਪ੍ਰਅਧਿਆਪਕਾਂ ਦਾ ਸਿੱਖਿਆ ਦੇ ਖੇਤਰ ਵਿੱਚ ਪਾਏ ਗਏ ਨਿੱਘਰ ਯੋਗਦਾਨ ਅਤੇ ਸਮਾਜ ਵਿੱਚ 'Life time contribution ਲਈ ਕਾਲਜ ਦੇ Mementoes ਦੇ ਕੇ ਅਤੇ Shawls ਪਾ ਕੇ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਰਾਹੀਂ ਓ.ਐਸ.ਏ. ਨੇ ਮਾਨ ਸਨਮਾਨ ਕੀਤਾ। ਜਿਨ੍ਹਾਂ ਪ੍ਰਅਧਿਆਪਕਾਂ ਦਾ ਮਾਨ-ਸਨਮਾਨ ਕੀਤਾ ਗਿਆ ਉਹ ਹਨ: 95ਵੇਂ ਸਾਲ ਦੇ ਪ੍ਰਿੰਸੀਪਲ ਬੀ.ਕੇ.ਕਪੂਰ (ਪੁਰਾਣੇ ਵਿਦਿਆਰਥੀ ਅਤੇ ਮੁਖੀ ਰਾਜਨੀਤੀ ਵਿਭਾਗ), ਡਾ. ਭਗਤ ਸਿੰਘ (1945 ਦੇ ਪ੍ਰਅਧਿਆਪਕ, ਕਾਲਜ ਦੇ ਸਾਬਕਾ ਪ੍ਰਿੰਸੀਪਲ, ਡੀ.ਪੀ.ਆਈ.ਕਾਲਜਾਂ ਅਤੇ ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ), ਪ੍ਰੋਫੈਸਰ ਹੰਸ ਰਾਜ ਗੁਪਤਾ ਉਰਦੂ ਅਤੇ ਪਰਸ਼ੀਅਨ ਦੇ ਸਕਾਲਰ, ਪ੍ਰੋਫੈਸਰ ਬੀ.ਐਨ.ਈਸਰ, ਸਾਬਕਾ ਮੁੱਖੀ ਅੰਗ੍ਰੇਜ਼ੀ ਵਿਭਾਗ, ਪ੍ਰੋਫੈਸਰ ਬੀ.ਕੇ.ਭੱਲਾ (ਜਨਰਲ ਸੈਕਟਰੀ, ਰਿਟਾਇਰਡ ਲੈਕਚਰਾਰ ਵੈਲਫੇਅਰ, ਐਸੋਸੀਏਸ਼ਨ), ਪ੍ਰੋਫੈਸਰ ਟੀ.ਐਨ. ਸਿੰਗਲ (ਪੁਰਾਣੇ ਪ੍ਰਅਧਿਆਪਕ, ਹਿੰਦੀ ਵਿਭਾਗ ਦੇ ਮੁੱਖੀ ਅਤੇ ਡੀ.ਪੀ.ਆਈ. ਕਾਲਜਾਂ ਅਤੇ ਪ੍ਰੋਫੈਸਰ ਕੇ.ਐਸ. ਕਸੇਲ, (ਸਾਬਕਾ ਮੁੱਖੀ ਪੰਜਾਬੀ ਵਿਭਾਗ ਅਤੇ 60 ਤੋਂ ਵੱਧ ਪੁਸਤਕਾਂ ਦੇ ਲੇਖਕ), ਪ੍ਰੋਫੈਸਰ ਬਲਰਾਜ ਸ਼ਰਮਾ (ਸਾਬਕਾ ਮੁਖੀ ਹਿੰਦੀ ਵਿਭਾਗ), ਡਾ. ਜੋਗਿੰਦਰ ਸਿੰਘ, ਪੁਰਾਣੇ ਵਿਦਿਆਰਥੀ, ਓ.ਐਸ.ਏ. ਦੇ ਫਾਊਂਡਰ ਪ੍ਰਿੰਸੀਪਲ ਅਤੇ ਓ.ਐਸ.ਏ. ਦੇ ਸਾਬਕਾ ਪ੍ਰਧਾਨ), ਪ੍ਰਿੰਸੀਪਲ ਆਰ.ਜੀ.ਵਰਮਾ (ਪੁਰਾਣੇ ਵਿਦਿਆਰਥੀ ਅਤੇ ਅਰਥਸ਼ਾਸਤਰ ਵਿਭਾਗ ਦੇ ਮੁੱਖੀ)।

ਜੋ ਪ੍ਰਅਧਿਆਪਕ ਸਿਹਤ ਠੀਕ ਨਾ ਹੋਣ ਕਰਕੇ ਸਮਾਗਮ ਵਿੱਚ ਨਹੀਂ ਪਹੁੰਚ ਸਕੇ ਉਨ੍ਹਾਂ ਦਾ ਵੀ ਉਨ੍ਹਾਂ ਦੀ ਰਿਹਾਇਸ਼ ਤੇ ਜਾ ਕੇ ਸਨਮਾਨ ਕਰਨ ਦਾ ਫੈਸਲਾ ਕੀਤਾ ਗਿਆ। ਉਨ੍ਹਾਂ ਪ੍ਰਅਧਿਆਪਕਾਂ ਵਿੱਚ ਪ੍ਰਿੰਸੀਪਲ ਪ੍ਰੀਤਮ ਸਿੰਘ (ਪੰਜਾਬੀ ਦੇ ਉੱਘੇ ਸਕਾਲਰ), ਡਾ. ਗੁਰਚਰਨ ਸਿੰਘ (ਸਾਬਕਾ ਚੇਅਰਮੈਨ ਪੀ.ਐਸ.ਈ.ਬੀ), ਪ੍ਰੋਫੈਸਰ ਹਰਬਖਸ਼ ਸਿੰਘ (ਸਾਬਕਾ ਮੁੱਖੀ ਰਾਜਨੀਤੀ ਵਿਭਾਗ ਅਤੇ ਪ੍ਰਿੰਸੀਪਲ, ਸਾਬਕਾ ਡੀ.ਪੀ.ਆਈ. ਅਤੇ ਚੇਅਰਮੈਨ ਪੀ.ਐਸ.ਈ.ਬੀ) ਪ੍ਰੋਫੈਸਰ ਡੀ.ਆਰ ਸਚਦੇਵਾ (ਸਾਬਕਾ ਮੁੱਖੀ ਪਬਲਿਕ ਐਡਮਨਿਸਟਰੇਸ਼ਨ ਅਤੇ ਸ਼ੋਸ਼ਿਆਲੋਜੀ ਵਿਭਾਗ ਨੂੰ ਕਾਲਜ ਵਿੱਚ ਸ਼ੁਰੂ ਕਰਨ ਵਾਲੇ), ਪ੍ਰੋਫੈਸਰ ਓ.ਪੀ. ਭਾਰਦਵਾਜ (ਸਾਬਕਾ ਮੁੱਖੀ ਅੰਗਰੇਜ਼ੀ ਵਿਭਾਗ), ਪ੍ਰੋਫੈਸਰ ਪੀ.ਆਰ. ਕਪੂਰ (ਸਾਬਕਾ ਮੁੱਖੀ ਫਿਜੀਕਸ ਵਿਭਾਗ), ਪ੍ਰੋਫੈਸਰ ਸਰਵਨ ਸਿੰਘ (ਸਾਬਕਾ ਚੇਅਰਮੈਨ ਪੀ.ਐਸ.ਈ.ਬੀ.), ਪ੍ਰੋਫੈਸਰ ਜੋਗਿੰਦਰ ਕੌਸ਼ਲ (ਕਾਲਜ ਦੀ ਸਟੂਡੈਂਟ ਯੂਨੀਅਨ ਦੇ ਪਹਿਲੇ ਪ੍ਰਧਾਨ (1950) ਅਤੇ ਸਾਬਕਾ ਡਾਇਰੈਕਟਰ ਸੀ.ਸੀ. ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪ੍ਰੋਫੈਸਰ (ਸ੍ਰੀਮਤੀ) ਐਚ. ਸਰਵਣ ਸਿੰਘ (ਸਾਬਕਾ ਮੁਖੀ ਰਸਾਇਣ ਵਿਭਾਗ), ਪ੍ਰੋਫੈਸਰ ਨਿਰੰਜਣ ਸਿੰਘ ਮਾਨ (ਪੰਜਾਬੀ ਵਿਭਾਗ), ਪ੍ਰੋਫੈਸਰ ਕਿਰਪਾਲ ਸਿੰਘ (ਖੇਡ ਵਿਭਾਗ)।

ਸਮਾਗਮ ਦੀ ਪ੍ਰਧਨਾਗੀ ਕਰ ਰਹੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿੱਚ ਕਾਲਜ ਦੀ ਓ.ਐਸ.ਏ. ਰਾਹੀਂ ਆਯੋਜਿਤ ਕੀਤੀ Faculty Meet ਦੀ ਭਰਪੂਰ ਸਰਾਹਨਾ ਕੀਤੀ ਅਤੇ Symposium ਵਿੱਚ ਭਾਗ ਲੈਣ ਵਾਲੇ ਪ੍ਰਅਧਿਆਪਕਾਂ ਦੇ ਪ੍ਰਗਟ ਕੀਤੇ ਗਏ ਵਿਚਾਰਾਂ ਦਾ ਵੀ ਸਮਰਥਨ ਕੀਤਾ ਅਤੇ ਰਿਟਾਇਰਡ ਅਧਿਆਪਕਾਂ ਦਾ ਉੱਚ ਵਿਦਿਅਕ ਫੀਲਡ ਅਤੇ ਸਮਾਜ ਵਿੱਚ ਪਾਏ ਜਾ ਰਹੇ ਯੋਗਦਾਨ ਤੇ ਵੀ ਜ਼ੋਰ ਦਿੱਤਾ ਤਾਂ ਕਿ ਉਹਨ੍ਹਾਂ ਦੇ ਵਿਚਾਰਾਂ ਅਤੇ ਸੇਵਾਵਾਂ ਨੂੰ ਸਮਾਜ